# ਪੱਛੋਂ ਦੀਆਂ ਪੈਣ ਕਣੀਆਂ

ਸਲੇਟੀ ਰੰਗ ਦੇ ਵੱਡੇ ਭਾਰੇ ਪੱਥਰਾਂ ਵਿਚਕਾਰ ਬਣੀਆਂ ਪਗਡੰਡੀਆਂ ਨੂੰ ਪਾਰ ਕਰਦਾ ਸਾਡਾ ਕਾਫ਼ਲਾ ਆਪਣੀ ਮੰਜ਼ਿਲ ਵੱਲ ਵਧ ਰਿਹਾ ਸੀ। ਕਈ ਕੁੜੀਆਂ ਦੀ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਹਾਲਤ ਬਣ ਗਈ ਸੀ। ਪਰ ਅਸੀਂ ਤਾਂ ਕਈ ਕੋਹਾਂ ਦਾ ਪੈਂਡਾ ਤਹਿ ਕਰ ਆਏ ਸਾਂ। ਜਦੋਂ ਕੁੜੀਆਂ ਥੱਕ ਜਾਂਦੀਆਂ ਉਹ ਆਰਾਮ ਕਰਨ ਲਈ ਨਹੀਂ ਸੀ ਕਹਿੰਦੀਆਂ, ਉਨ੍ਹਾਂ ਨੂੰ ਇਕ ਫਾਰਮੂਲਾ ਲੱਭ ਗਿਆ ਸੀ। ਉਹ ਟਰੈਕ 'ਚ ਖੜ੍ਹ ਕੇ ਹੀ ਪੁਛਦੀਆਂ, "ਸਰ ਸੋਲਾਂਗ ਨਾਲਾ ਅਜੇ ਕਿੰਨੀ ਕੁ ਦੂਰ ਐ ?" ਮੈਂ ਝੂਠੀ ਮੂਠੀ ਕਹਿ ਦਿੰਦਾ "ਬਸ ਦਸ ਕੁ ਮਿੰਟਾਂ ਦਾ ਟਰੈਕ ਹੋਰ ਐ।"

"ਫਿਰ ਤਾਂ ਪਹੁੰਚ ਗਏ, ਦਸ ਕੁ ਮਿੰਟ ਇੱਥੇ ਸਾਹ ਲੈ ਲਈਏ।"

ਮੈਂ ਉਨ੍ਹਾਂ ਨੂੰ ਪੰਜ ਕੁ ਮਿੰਟਾਂ ਦਾ ਸਮਾਂ ਆਰਾਮ ਲਈ ਦੇ ਦਿੰਦਾ। ਇਸ ਤਰ੍ਹਾਂ ਕਰਦੇ ਕਰਾਉਂਦੇ ਲੁਧਿਆਣੇ ਜ਼ਿਲ੍ਹੇ ਦਾ ਅੱਧਿਓਂ ਵੱਧ ਗਰੁੱਪ ਸਾਰਿਆਂ ਨਾਲੋਂ ਪਛੜ ਗਿਆ। ਬਠਿੰਡੇ ਜ਼ਿਲ੍ਹੇ ਦੀਆਂ ਉਹੀ ਕੁੜੀਆਂ ਪਿੱਛੇ ਰਹੀਆਂ ਜੋ ਮੇਰੇ ਨਾਲ ਗੱਲਾਂ ਕਰਨ ਵਿਚ ਰੁਝੀਆਂ ਹੋਈਆਂ ਸਨ ਜਾਂ ਜਿਨ੍ਹਾਂ ਨਾਲ ਪਹਿਲਾਂ ਤੋਂ ਪਰਿਵਾਰਕ ਸਾਂਝ ਸੀ।

ਲੁਧਿਆਣੇ ਦੀਆਂ ਕੁੜੀਆਂ ਨੇ ਟਰੈਕ ਭੁੱਲਣ ਵਾਲੀ ਗੱਲ ਫਿਰ ਚੇਤੇ ਕਰਾ ਦਿੱਤੀ। ਉਹ ਇਸ ਗੱਲੋਂ ਦੁਖੀ ਸਨ ਕਿ ਟਰੈਕ ਭੁੱਲਣ ਕਾਰਨ ਉਨ੍ਹਾਂ ਦੀ ਤਿੰਨ-ਚਾਰ ਕਿਲੋਮੀਟਰ ਵੱਧ ਟਰੈਕਿੰਗ ਹੋ ਗਈ ਸੀ। ਮੈਨੂੰ ਆਪਣੀ ਨੈਸ਼ਨਲ ਹਿਮਾਲੀਅਨ ਟਰੈਕਿੰਗ ਐਕਸਪਿਡਿਸ਼ਨ



ਚੇਤੇ ਆ ਗਈ ਜਦ ਸਾਨੂੰ ਖਾਉਲੀ ਦੱਰਾ ਪਾਰ ਕਰਨ ਲਈ ਬਿਨਾ ਰੈਕੀ ਕੀਤੇ ਟਰੈਕ 'ਤੇ ਚੜ੍ਹਾ ਦਿੱਤਾ ਗਿਆ ਸੀ। ਅਸੀਂ ਚਾਰ ਦਿਨ-ਤਿੰਨ ਰਾਤਾਂ ਬਰਫ਼ 'ਤੇ ਗੁਆਚੇ ਰਹੇ ਸਾਂ ਤੇ ਸਾਨੂੰ ਟਰੈਕ ਨਹੀਂ ਸੀ ਮਿਲਿਆ। ਉਦੋਂ ਸਾਨੂੰ ਵੀ ਇਸ ਤਰ੍ਹਾਂ ਲੱਗਦਾ ਸੀ ਕਿ ਹੁਣ ਸ਼ਾਇਦ ਹੀ ਵਾਪਸ ਘਰ ਪਹੁੰਚੀਏ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸਲੇਟੀ | :ਗਰੇ ਰੰਗ |
| ਪਗਡੰਡੀਆਂ | :ਤੰਗ ਤੇ ਟੇਢੇ-ਮੇਢੇ ਰਸਤੇ |
| ਕੋਹਾਂ | :ਕਈ ਕਿਲੋਮੀਟਰ |
| ਪੈਂਡਾ | :ਰਸਤਾ |
| ਪਛੜ ਗਿਆ | :ਪਿੱਛੇ ਰਹਿ ਗਿਆ |
| ਰੈਕੀ | :ਪਹਿਲਾਂ ਮੁਆਇਨਾ ਕਰਨਾ |

ਕਿਉਂਕਿ ਅਸੀਂ ਖਾਣ-ਪੀਣ ਦਾ ਸਾਰਾ ਸਾਮਾਨ ਵੀ ਮੁਕਾ ਲਿਆ ਸੀ। ਇਕ ਦਿਨ ਤਾਂ ਸਾਨੂੰ ਬਰਫ਼ 'ਚ ਚੀਨੀ ਮਿਲਾ ਕੇ ਬਣਾਈਆਂ ਕੁਲਫੀਆਂ ਜਿਹੀਆਂ ਖਾ ਕੇ ਹੀ ਗੁਜ਼ਾਰਾ ਕਰਨਾ ਪਿਆ ਸੀ।ਜਦੋਂ ਮੈਂ ਥੱਕੀਆਂ-ਹਾਰੀਆਂ ਕੁੜੀਆਂ ਨੂੰ ਇਹ ਗੱਲ ਸੁਣਾਈ ਤਾਂ ਉਨ੍ਹਾਂ ਨੂੰ ਹੌਂਸਲਾ ਹੋ ਗਿਆ ਤੇ ਆਪਣੀ ਚਾਲੇ ਤੁਰ ਪਈਆਂ।

ਸਾਨੂੰ ਉਡੀਕਦਾ-ਉਡੀਕਦਾ ਮਨਜੀਤ ਵੀ ਸਾਡੇ ਨਾਲ ਰਲ ਗਿਆ ਸੀ। ਅਸਲ ਵਿਚ ਉਸ ਦੇ ਗਰੁੱਪ ਦੀਆਂ ਕੁਝ ਕੁੜੀਆਂ ਪਛੜ ਗਈਆਂ ਸਨ। ਦੋ ਵੱਡੇ ਪੱਥਰਾਂ ਦੇ ਵਿਚੋਂ ਲੰਘਦਿਆਂ ਅੱਗੇ ਪਹਾੜੀ ਮੋੜ ਆ ਗਿਆ ਜਿਸ ਤੋਂ ਬਾਅਦ ਕਾਫ਼ੀ ਨਿਵਾਣ ਸੀ। ਇਹ ਨਿਵਾਣ ਸਾਨੂੰ ਬੜੇ ਹੀ ਸੁੰਦਰ ਆਬਸ਼ਾਰ 'ਤੇ ਲੈ ਗਈ। ਇੱਥੇ ਅਸੀਂ ਕਈ ਤਸਵੀਰਾਂ ਖਿੱਚੀਆਂ ਤੇ ਠੰਢਾਠਾਰ ਪਾਣੀ ਪੀ ਕੇ ਫਿਰ ਡੰਡੀ ਲੱਗੇ। ਝਰਨਾ ਪਾਰ ਕਰਕੇ ਅਸੀਂ ਚੜ੍ਹਾਈ ਚੜ੍ਹੇ ਹੀ ਸਾਂ ਕਿ ਧੁੱਪ ਕਿਧਰੇ ਅਲੋਪ ਹੀ ਹੋ ਗਈ। ਬੜੀ ਠੰਢੀ ਤੇ ਤੇਜ਼ ਹਵਾ ਚੱਲ ਪਈ। ਹਵਾ ਵਿਚ ਕਣੀਆਂ ਵੀ ਪੈਣੀਆਂ ਸ਼ੁਰੂ ਹੋ ਗਈਆਂ। ਮੈਂ ਆਪਣੇ ਲੱਕ ਦੁਆਲੇ ਬੰਨ੍ਹੀ ਵਿੰਡ-ਸ਼ੀਟਰ ਖੋਲ੍ਹ ਕੇ ਗਲ ਵਿਚ ਪਾ ਲਈ। ਕੈਮਰਾ ਚਮੜੇ ਦੇ ਕਵਰ ਵਿਚ ਬੰਦ ਕਰ ਲਿਆ। ਕੁੜੀਆਂ ਆਪਣੀ ਆਦਤ ਮੁਤਾਬਿਕ "ਹਾਏ ਮੀਂਹ ... ਹਾਏ ਠੰਢ ... ਬਾਰਿਸ਼ ... ਹਾਏ ਮੰਮੀਏ ..." ਦੀ ਹਾਲ- ਦੁਹਾਈ ਪਾ ਰਹੀਆਂ ਸਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਕਣੀਆਂ ਦੇ ਨਾਲ ਬਰਫ਼ ਪੈਣੀ ਸ਼ੁਰੂ ਹੋ ਗਈ ਪਰ ਇਹ ਏਨੀ ਥੋੜ੍ਹੀ ਅਤੇ ਏਨੇ ਛੋਟੇ ਗੋਹੜਿਆਂ ਦੇ ਰੂਪ ਵਿਚ ਡਿੱਗ ਰਹੀ ਸੀ ਕਿ ਇਸ ਨੂੰ 'ਸਨੋਅ ਫਾਲ' ਨਹੀਂ ਸੀ ਕਿਹਾ ਜਾ ਸਕਦਾ।

ਟਰੈਕਿੰਗ ਦੌਰਾਨ ਸਾਨੂੰ ਪਹਾੜੀ ਔਰਤਾਂ ਲੱਕੜੀਆਂ ਦੇ ਗੱਠੇ, ਘਾਹ, ਪਿੱਠੂ ਟੋਕਰੀਆਂ ਵਿਚ ਹੋਰ ਨਿੱਕ-ਸੁੱਕ ਆਪਣੀਆਂ ਪਿੱਠਾਂ 'ਤੇ ਚੁੱਕੀ ਆਉਂਦੀਆਂ-ਜਾਂਦੀਆਂ ਮਿਲਦੀਆਂ ਰਹੀਆਂ। ਮੇਰੀ ਇੱਛਾ ਸੀ ਕਿ ਸਾਡੀਆਂ ਕੁੜੀਆਂ ਇਨ੍ਹਾਂ ਨਾਲ ਗੱਲਾਂ-ਬਾਤਾਂ ਕਰਨ ਅਤੇ ਇਨ੍ਹਾਂ ਦੀ ਜ਼ਿੰਦਗੀ ਬਾਰੇ ਪੁੱਛਣ, ਪਰ ਕੁੜੀਆਂ ਨੇ ਬਹੁਤੀ ਰੁਚੀ ਨਾ ਵਿਖਾਈ। ਸਾਹਮਣਿਉਂ ਲੱਕੜੀਆਂ ਲਈ ਆਉਂਦੀ ਪਹਾੜਨਾਂ ਦੀ ਟੋਲੀ ਵਿਚ ਇਕ ਨਵ-ਵਿਆਹੀ ਨੂੰ ਵੇਖ ਕੇ ਕੁੜੀਆਂ ਨੂੰ ਚਾਂਭ ਚੜ੍ਹ ਗਈ। ਉਸ ਦੀ ਸ਼ੀਸ਼ਿਆਂ ਤੇ ਖ਼ਾਸ ਕਿਸਮ ਦੇ ਮਣਕਿਆਂ ਵਾਲੀ ਲੰਬੀ ਤੇ ਰੰਗ-ਬਿਰੰਗੀ ਗੁੱਤ ਵੇਖ ਕੇ ਕੁੜੀਆਂ ਉਸ 'ਤੇ ਟਿੱਪਣੀ ਕਰੇ ਬਿਨਾਂ ਨਾ ਰਹਿ ਸਕੀਆਂ। ਉਹ ਵੀ ਤਾੜ ਗਈ ਕਿ ਕੁੜੀਆਂ ਉਸ ਨੂੰ ਛੇੜ ਰਹੀਆਂ ਨੇ। ਮੌਕੇ 'ਤੇ ਤਾਂ ਉਹ ਚੁੱਪ ਰਹੀ ਸ਼ਾਇਦ ਸਾਥੋਂ ਸੰਗ ਗਈ ਪਰ ਥੋੜ੍ਹਾ ਅੱਗੇ ਜਾ ਕੇ ਕੁੜੀਆਂ ਨੂੰ ਆਵਾਜ਼ ਮਾਰੀ,

"ਅਰੇ ! ਚੋਟੀ ਲੇਨੇ ਕਾ...ਚੋਟੀ ਅੱਛਾ...ਤੁਮੀ ਕਿਆ..." ਮੈਂ ਏਨਾ ਕੁ ਹੀ ਸੁਣ ਸਕਿਆ। ਕੁੜੀਆਂ ਉਸ ਨੂੰ ਹੱਥ ਲਹਿਰਾ ਕੇ ਬਾਏ-ਬਾਏ ਕਰਨ ਲੱਗੀਆਂ। ਉਹ ਅਤੇ ਉਸ ਦੀਆਂ ਸਾਥਣਾਂ ਬਹੁਤ ਖ਼ੁਸ਼ ਹੋਈਆਂ ਤੇ ਹੱਸਦੀਆਂ-ਹੱਸਦੀਆਂ ਬਾਏ-ਬਾਏ ਕਰਦੀਆਂ ਸਾਥੋਂ ਦੂਰ ਹੁੰਦੀਆਂ ਗਈਆਂ। ਉਸ ਨੇ ਕੁੜੀਆਂ ਨੂੰ ਕੀ ਜੁਆਬ ਦਿੱਤਾ ਇਸ ਦੀ ਮੈਨੂੰ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਨਿਵਾਣ | :ਢਲਾਣ |
| ਆਬਸ਼ਾਰ | :ਝਰਨਾ |
| ਡੰਡੀ ਲੱਗੇ | :ਰਾਹ ਪੈ ਗਏ |
| ਗੋਹੜਿਆਂ | :ਟੁਕੜਿਆਂ, ਫੰਬਿਆਂ |
| ਨਿੱਕ-ਸੁੱਕ | :ਛੋਟੀਆਂ ਮੋਟੀਆਂ ਚੀਜ਼ਾਂ, ਫੁਟਕਲ |
| ਰੁਚੀ | :ਦਿਲਚਸਪੀ |
| ਚਾਂਭ ਚੜ੍ਹ ਗਈ | :ਅਥਾਹ ਖ਼ੁਸ਼ੀ |
| ਸੰਗ | :ਸ਼ਰਮ |

### ਔਖੇ ਸ਼ਬਦਾਂ ਦੇ ਅਰਥ

ਜੁੰਡੇ :ਸਿਰ ਦੇ ਵਾਲ, ਕੇਸ

ਅਹੁ :ਉਹ, ਸਾਹਮਣੇ

ਵਾਦੀ :ਘਾਟੀ

ਡਾਕ-ਬੰਗਲੇ :ਆਰਾਮਗਾਹ, (ਗੈਸਟ ਹਾਊਸ)

ਘਾਹ :ਘਾਸ

ਤੋਦਾ :ਵੱਡਾ ਟੁਕੜਾ

ਘਿਸਰ :ਖਿਸਕ

ਹੁਰੀਂ :ਭਾਵ ਹੋਰੀਂ,ਨੋਨਾ ਨਾਲ ਹੋਰ ਲੋਕਾਂ ਲਈ ਸੰਬੋਧਨੀ ਸ਼ਬਦ

ਫਾਡੀ :ਪਰਾਜਤ, ਪਿਛੜੇ

ਬਹੁਤੀ ਸਮਝ ਤਾਂ ਨਹੀਂ ਆਈ ਪਰ ਮੈਨੂੰ ਇਸ ਤਰ੍ਹਾਂ ਲਗਿਆ ਜਿਵੇਂ ਕਹਿ ਰਹੀ ਹੋਵੇ,

"ਮੇਰੀ ਗੁੱਤ ਵੇਖ ਕੇ ਕੀ ਹਸਦੀਓਂ ... ਥੋਡੇ ਜੁੰਡੇ ਤਾਂ ਹੈਨੀ ... ਗੁੱਤਾਂ ਕਿੱਥੇ ਪਾਵੋਂ", ਮੇਰੇ ਨਾਲ ਜੋ ਕੁੜੀਆਂ ਸਨ ਬਹੁਤੀਆਂ ਨੇ ਆਪਣੇ ਵਾਲ 'ਹੇਅਰ ਸਟਾਈਲ' ਦੀ ਭੇਂਟ ਚੜ੍ਹਾਏ ਹੋਏ ਸਨ।

ਸਾਹਮਣੇ ਨਜ਼ਰ ਆ ਰਹੀ ਲਾਲ ਕੋਠੀ ਵੱਲ ਇਸ਼ਾਰਾ ਕਰਕੇ ਮੈਂ ਟਰੈਕਰਾਂ ਨੂੰ ਦੱਸਿਆ ਕਿ ਅਹੁ ਸੋਲਾਂਗ ਵਾਦੀ ਆ ਗਈ ਐ। ਇਹ ਕਈ ਦਹਾਕੇ ਪਹਿਲਾਂ ਇੱਥੇ ਬਣਾਏ ਗਏ ਡਾਕ ਬੰਗਲੇ ਦੀ ਪੁਰਾਣੀ ਇਮਾਰਤ ਸੀ, ਜਿਸ ਨੂੰ ਹੁਣ ਹਿਮਾਚਲ ਸੈਰ ਸਪਾਟਾ ਮਹਿਕਮੇ ਅਤੇ ਹਿਮਾਲੀਅਨ ਪਰਬਤ-ਆਰੋਹਣ ਸੰਸਥਾ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਹੋਇਆ ਸੀ।

ਸਮਾਘ ਅਤੇ ਗਰਗ ਸਾਹਿਬ ਨੇ ਸੋਲਾਂਗ ਵਾਦੀ ਵਿਚ ਗਰਮ-ਗਰਮ ਖਾਣੇ ਨਾਲ ਸਾਡਾ ਸਵਾਗਤ ਕੀਤਾ। ਉਹ ਸੜਕ ਦੇ ਰਸਤੇ ਟਰੱਕ ਰਾਹੀਂ ਦੁਪਹਿਰ ਦਾ ਖਾਣਾ ਲੈ ਕੇ ਆਏ ਸਨ। ਜੋ ਕੁੜੀਆਂ ਪਹਿਲਾਂ ਆ ਚੁੱਕੀਆਂ ਸਨ ਉਹ ਰੋਟੀਆਂ ਖਾ ਕੇ ਸੁਸਤਾ ਰਹੀਆਂ ਸਨ ਤੇ ਕੁਝ ਦੂਰ ਤਕ ਫੈਲੀ ਢਲਾਨ ਤੇ ਹਰੇ ਘਾਹ ਦਾ ਆਨੰਦ ਮਾਣ ਰਹੀਆਂ ਸਨ। ਇੱਥੇ ਸੈਲਾਨੀਆਂ ਦੀ ਕਾਫ਼ੀ ਭੀੜ ਸੀ। ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਸੈਲਾਨੀਆਂ ਨੇ ਇਸ ਵਾਦੀ ਨੂੰ ਫੁੱਲਾਂ ਵਾਂਗ ਸਜਾਇਆ ਹੋਇਆ ਸੀ। ਇਕ ਪਾਸੇ ਦਸ ਕੁ ਮਣ ਦਾ ਬਰਫ਼ੀਲਾ ਤੋਦਾ ਪਿਆ ਸੀ। ਕਈ ਸੈਲਾਨੀ ਉਸ ਉਪਰ ਚੜ੍ਹ ਕੇ ਹੀ ਬਰਫ਼ ਦਾ ਨਜ਼ਾਰਾ ਲੈਣ ਦਾ ਭਰਮ ਪਾਲ ਰਹੇ ਸਨ। ਅਸਲ ਵਿਚ ਇਹ ਇਕ ਗਲੇਸ਼ੀਅਰ ਸੀ ਜੋ ਉਪਰੋਂ ਘਿਸਰ ਕੇ ਇੱਥੇ ਆ ਪਿਆ ਸੀ।


ਰੋਟੀ ਖਾ ਕੇ ਅਸੀਂ ਵੀ ਢਲਾਨ ਵੱਲ ਵਧੇ। ਨੋਨਾ ਹੁਰੀਂ ਤਸਵੀਰਾਂ ਖਿਚਵਾਉਣ ਲਈ ਕਾਹਲ ਕਰ ਰਹੀਆਂ ਸਨ। ਨੋਨਾ, ਜੋ ਬਠਿੰਡੇ ਜ਼ਿਲ੍ਹੇ ਦੀ ਗਰੁੱਪ ਲੀਡਰ ਸੀ, ਰਾਮਪੁਰੇ ਤੋਂ ਮੇਰੇ ਕਾਫ਼ੀ ਨੇੜਲੇ ਸੰਬੰਧਾਂ ਵਾਲੇ ਪਰਿਵਾਰ ਵਿਚੋਂ ਹੈ। ਉਨ੍ਹਾਂ ਨੇ ਆਪਣੀ ਰੀਲ੍ਹ (ਫ਼ਿਲਮ) ਮੇਰੇ ਕੈਮਰੇ ਵਿਚ ਪਾ ਕੇ ਕੈਮਰੇ 'ਤੇ ਕਬਜ਼ਾ ਕਰ ਰੱਖਿਆ ਸੀ। ਇੱਥੇ ਤਸਵੀਰਾਂ ਖਿੱਚਦਿਆਂ ਨੂੰ ਸਾਨੂੰ ਕਾਫ਼ੀ ਸਮਾਂ ਹੋ ਗਿਆ।

ਸੋਲਾਂਗ ਸੰਘਣੇ ਤੇ ਉੱਚੇ ਦਿਓਦਾਰ ਦੇ ਦਰਖ਼ਤਾਂ ਅਤੇ ਪਹਾੜੀਆਂ ਵਿਚ ਘਿਰੀ ਛੋਟੀ ਜਿਹੀ ਢਲਾਨ ਹੈ ਜੋ ਪਹਾੜੀ ਇਲਾਕੇ ਦੇ ਹਿਸਾਬ ਨਾਲ ਕਾਫ਼ੀ ਪੱਧਰੀ ਥਾਂ ਹੈ। ਇੱਥੇ ਡਬਲਿਊ.ਐਚ.ਐਮ.ਆਈ. ਵਲੋਂ ਦਸੰਬਰ ਵਿਚ ਸਕੀਇੰਗ ਕੋਰਸ ਕਰਵਾਇਆ ਜਾਂਦਾ ਹੈ। ਉਸ ਸਮੇਂ ਇਹ ਬਰਫ਼ ਨਾਲ ਲੱਦੀ ਹੋਈ ਹੁੰਦੀ ਹੈ।

ਵੱਖ-ਵੱਖ ਗਰੁੱਪਾਂ ਵਿਚ ਅਸੀਂ ਕੈਂਪ ਸਥਾਨ ਨੂੰ ਰਵਾਨਗੀ ਪਾਈ। ਵਾਪਸੀ ਸਮੇਂ ਸੜਕ ਦੇ ਰਸਤੇ ਹੀ ਜਾਣਾ ਸੀ, ਇਸ ਲਈ ਕੋਈ ਬਹੁਤੀ ਸਮੱਸਿਆ ਨਹੀਂ ਸੀ। ਨਿੱਕੀ-ਨਿੱਕੀ ਕਣੀ ਦਾ ਮੀਂਹ ਬਰਾਬਰ ਪੈ ਰਿਹਾ ਸੀ। ਮੈਂ ਤਾਂ ਪਹਿਲਾਂ ਵਾਂਗ ਪਿੱਛੇ ਹੀ ਸਾਂ ਪਰ ਮੇਰੇ ਨਾਲ ਦੇ ਫਾਡੀ ਸਾਥੀਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਸੀ। ਜਦੋਂ ਮੈਂ

ਫ਼ਿਰੋਜ਼ਪੁਰ ਦੀ ਰਾਜ ਰਾਣੀ ਨੂੰ ਪਿੱਛੇ ਰਹਿਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਸਾਨੂੰ ਵੀ ਉਹ ਪਹਾੜੀ ਪੰਛੀ ਦਿਖਾਉਣਾ ਜੋ ਤੁਸੀਂ ਆਪਣੇ ਗਰੁੱਪ ਨੂੰ ਵਿਖਾ ਕੇ ਲਿਆਏ ਹੋ। ਉਸ ਨੂੰ ਬਹੁਤ ਮਾਯੂਸੀ ਹੋਈ ਜਦੋਂ ਮੈਂ ਦੱਸਿਆ ਕਿ ਹੁਣ ਅਸੀਂ ਨਵੇਂ ਟਰੈਕ ਰਾਹੀਂ ਵਾਪਸ ਜਾ ਰਹੇ ਹਾਂ। ਕਈ ਕੁੜੀਆਂ ਨੂੰ ਬੂਟ ਲੱਗਣ ਨਾਲ ਉਨ੍ਹਾਂ ਦੇ ਪੈਰਾਂ 'ਤੇ ਮਾਮੂਲੀ ਛਾਲੇ ਜਿਹੇ ਹੋ ਗਏ ਸਨ। ਕਈ ਆਲੇ-ਦੁਆਲੇ ਦੀਆਂ ਪਹਾੜੀਆਂ ਅਤੇ ਉੱਚੇ ਪਰਬਤਾਂ ਬਾਰੇ ਜਾਣਕਾਰੀ ਲੈਣ ਦੇ ਆਸ਼ੇ ਨਾਲ ਹੀ ਪਿੱਛੇ ਰਹਿ ਗਈਆਂ ਸਨ। ਇਸ ਤਰ੍ਹਾਂ ਵੱਖ-ਵੱਖ ਵੰਨਗੀ ਦੇ ਟਰੈਕਰਾਂ ਦਾ ਮਿਲਗੋਭਾ ਸੀ, ਮੇਰਾ ਇਹ ਗਰੁੱਪ। ਆਪਣੀ ਚਾਲੇ ਤੁਰਦੇ ਅਸੀਂ ਮਨਾਲੀ ਤੋਂ ਕੇਲਾਂਗ ਵਾਲੀ ਮੁੱਖ ਸੜਕ 'ਤੇ ਜਾ ਚੜ੍ਹੇ ਜੋ ਰੋਹਤਾਂਗ ਦੱਰੇ ਤੋਂ ਪਾਰ ਲਹੌਲ ਸਪੀਤੀ ਵਾਦੀ ਵਿਚੋਂ ਲੰਘਦੀ ਹੋਈ ਲੇਹ ਨੂੰ ਜਾਂਦੀ ਹੈ। ਉਪਰ ਬਰਫ਼ ਦੇਖਣ ਜਾ ਰਹੇ ਅਤੇ ਬਰਫ਼ ਤੋਂ ਮੁੜ ਰਹੇ ਸੈਲਾਨੀਆਂ ਦੀਆਂ ਕਾਰਾਂ, ਜੀਪਾਂ ਅਤੇ ਬੱਸਾਂ ਦੇ ਹਾਰਨਾਂ ਅਤੇ ਘੂਕਰ ਨੇ ਅਕਾਊ ਜਿਹਾ ਮਾਹੌਲ ਪੈਦਾ ਕਰੀ ਰਖਿਆ। ਵਸ਼ਿਸ਼ਟ ਕੋਲੋਂ ਲੰਘਦਿਆਂ ਮੈਨੂੰ ਚਾਟ ਵਾਲੀ ਘਟਨਾ ਫਿਰ ਚੇਤੇ ਆ ਗਈ ਤੇ ਮੈਂ ਚਾਟ ਦੇ ਖ਼ਿਲਾਫ਼ ਆਪਣਾ ਲੈਕਚਰ ਝਾੜਨਾ ਸ਼ੁਰੂ ਕਰ ਦਿੱਤਾ। ਮੇਰੇ ਨਾਲ ਜੋ ਕੁੜੀਆਂ ਸਨ ਉਨ੍ਹਾਂ ਦੇ ਹੁੰਗਾਰੇ ਤੋਂ ਮੈਨੂੰ ਲੱਗਿਆ ਜਿਵੇਂ ਉਹ ਮੇਰੀਆਂ ਗੱਲਾਂ ਨਾਲ ਬਹੁਤੀਆਂ ਸਹਿਮਤ ਨਾ ਹੋਣ ਪਰ ਇਕ ਫ਼ਾਇਦਾ ਹੋ ਗਿਆ ਕਿ ਕਿਸੇ ਨੇ ਚਾਟ ਖਾਣ ਦੀ ਇੱਛਾ ਨਾ ਪ੍ਰਗਟਾਈ।

ਮਨਾਲੀ ਦੇ ਨਹਿਰੂ ਕੰਪਲੈਕਸ ਕੋਲੋਂ ਅਸੀਂ ਜੰਗਲਾਤ ਮਹਿਕਮੇ ਦੇ ਰਿਜ਼ਰਵ ਜੰਗਲ ਵਿਚੋਂ ਹੁੰਦੇ ਹੋਏ ਆਪਣੇ ਕੈਂਪ ਸਥਾਨ 'ਤੇ ਪਹੁੰਚੇ। ਥੋੜ੍ਹਾ-ਥੋੜ੍ਹਾ ਮੀਂਹ ਅਜੇ ਵੀ ਪੈ ਰਿਹਾ ਸੀ। ਕੁੜੀਆਂ ਆਪਣੇ ਟੈਂਟਾਂ ਵਿਚ ਸਨ ਪਰ ਕਿਸੇ ਪਾਸਿਓਂ ਕੋਈ ਆਵਾਜ਼ ਨਹੀਂ ਸੀ ਆ ਰਹੀ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਅਜੇ ਟਰੈਕਿੰਗ ਤੋਂ ਕੋਈ ਵਾਪਸ ਹੀ ਨਾ ਆਇਆ ਹੋਵੇ। ਮੈਂ ਕੈਂਪ ਕਮਾਡੈਂਟ ਨੂੰ ਸਾਰਿਆਂ ਦੇ ਸਹੀ ਸਲਾਮਤ ਪਰਤ ਆਉਣ ਦੀ ਰਿਪੋਰਟ ਦਿੱਤੀ। ਉਹ ਬੜੇ ਖ਼ੁਸ਼ ਨਜ਼ਰ ਆ ਰਹੇ ਸਨ। ਟਰੈਕਿੰਗ ਦੀਆਂ ਗੱਲਾਂ ਕਰਦੇ ਅਸੀਂ ਚਾਹ ਪੀਣ ਵਿਚ ਮਸਰੂਫ਼ ਹੋ ਗਏ।



"ਸਰ ਅੱਜ ਅਖ਼ਬਾਰ ਕੱਢਣੈ ?"

ਰੁਪਿੰਦਰ ਨੇ ਆ ਕੇ ਇਸ ਤਰ੍ਹਾਂ ਪੁੱਛਿਆ ਜਿਵੇਂ ਉਨ੍ਹਾਂ ਦਾ ਅਖ਼ਬਾਰ ਨਾ ਕੱਢਣ ਦਾ ਇਰਾਦਾ ਹੋਵੇ। ਮੈਨੂੰ ਬੜਾ ਗੁੱਸਾ ਆਇਆ, ਮੈਂ ਅੱਗੋਂ ਭੱਜ ਕੇ ਪਿਆ,

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਆਸ਼ੇ | :ਮਕਸਦ, ਉਦੇਸ਼ |
| ਵੰਨਗੀ | :ਕਿਸਮ |
| ਮਿਲਗੋਭਾ | :ਮਿਸ਼ਰਨ, ਰਲਿਆ ਮਿਲਿਆ |
| ਘੂਕਰ | :ਗੂੰਜ, ਆਵਾਜ਼ |
| ਅਕਾਊ ਜਿਹਾ | :ਉਕਤਾ ਦੇਣ ਵਾਲਾ, ਪ੍ਰੇਸ਼ਾਨ ਕਰਨ ਵਾਲਾ |
| ਵਸ਼ਿਸ਼ਟ | :ਲੇਹ ਵੱਲ ਜਾਂਦਿਆਂ ਰਸਤੇ ਵਿਚ ਬਿਆਸ ਦਰਿਆ ਕਿਨਾਰੇ ਵਸਿਆ ਪਹਾੜੀ ਪਿੰਡ ਜਿਥੇ ਗਰਮ ਪਾਣੀ ਦੇ ਚਸ਼ਮੇ ਫੁੱਟਦੇ ਹਨ। |
| ਮਸਰੂਫ਼ | :ਵਿਅਸਤ, ਰੁੱਝਣਾ |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਕੋਸਿਆ | :ਉਲਾਂਭਾ ਦਿੱਤਾ, ਝਿੜਕਿਆ, ਲਾਹਨਤ ਪਾਈ |
| ਗਿਲਾ | :ਸ਼ਿਕਾਇਤ, ਸ਼ਿਕਵਾ |
| ਪ੍ਰਤੀਬੱਧਤਾ | :ਦ੍ਰਿੜਤਾ |
| ਹਲੂਣਿਆ | :ਝੰਜੋੜਿਆ |
| ਪੂਛਲ ਟੋਟਾ | :ਟੇਲ ਪੀਸ, ਮਹੱਤਵਪੂਰਨ ਘਟਨਾ |
| ਤਬਸਰਾ | :ਪੁਨਰ ਵਿਚਾਰ, ਟਿੱਪਣੀ |
| ਆਲਮ | :ਸੰਸਾਰ, ਆਲਾ-ਦੁਆਲਾ, ਚੌਗਿਰਦਾ |
| ਵਿਆਂਦੜ | :ਵਿਆਹ ਵਾਲੀ |

"ਕਿਉਂ ? ਕੱਢਣਾ ਕਿਉਂ ਨਹੀਂ ? ਅੱਜ ਰੋਟੀ ਨੀ ਖਾਧੀ ?"

ਏਨਾ ਸੁਣ ਕੇ ਹੀ ਸੰਪਾਦਕੀ ਮੰਡਲ ਵਾਲੀਆਂ ਕੁੜੀਆਂ ਵਾਪਸ ਪਰਤ ਗਈਆਂ।

ਕੈਂਪ ਕਮਾਂਡੈਂਟ ਅਤੇ ਸਿਖਲਾਈ ਟੀਮ ਦੇ ਦੂਸਰੇ ਸਾਥੀਆਂ ਨਾਲ ਗੱਲਾਂ ਮਾਰ ਕੇ ਜਦੋਂ ਮੈਂ ਆਪਣੇ ਟੈਂਟ 'ਚ ਜਾ ਰਿਹਾ ਸਾਂ, ਕੈਂਪ ਅਖ਼ਬਾਰ ਵਾਲੇ ਟੈਂਟ 'ਚ ਸੰਪਾਦਕੀ ਟੀਮ ਆਪਣੇ ਕੰਮ 'ਚ ਰੁੱਝੀ ਹੋਈ ਸੀ। ਬਾਕੀ ਕੁੜੀਆਂ ਆਪਣੇ ਟੈਂਟਾਂ ਵਿਚ ਆਰਾਮ ਕਰ ਰਹੀਆਂ ਸਨ। ਮੈਨੂੰ ਆਪਣੀਆਂ ਪੱਤਰਕਾਰ ਕੁੜੀਆਂ ਨਾਲ ਇਸ ਤਰ੍ਹਾਂ ਗੁੱਸੇ ਵਾਲੇ ਢੰਗ ਨਾਲ ਪੇਸ਼ ਨਹੀਂ ਸੀ ਆਉਣਾ ਚਾਹੀਦਾ, ਮੈਂ ਆਪਣੇ ਆਪ ਨੂੰ ਕੋਸਿਆ। ਮੈਂ ਆਪਣੇ ਟੈਂਟ 'ਚ ਜਾਣ ਦੀ ਬਜਾਏ 'ਕੈਂਪ ਟਾਈਮਜ਼' ਵਾਲੇ ਟੈਂਟ 'ਚ ਚਲਾ ਗਿਆ। ਮੈਨੂੰ ਇਹ ਸੀ ਕਿ ਕੁੜੀਆਂ ਨੇ ਮੇਰੇ ਗੁੱਸੇ ਭਰੇ ਜੁਆਬ ਦਾ ਬੁਰਾ ਮਨਾਇਆ ਹੋਵੇਗਾ ਪਰ ਉਨ੍ਹਾਂ ਦੇ ਚਿਹਰੇ 'ਤੇ ਇਸ ਤਰ੍ਹਾਂ ਦਾ ਕੋਈ ਗਿਲਾ ਨਹੀਂ ਸੀ। ਮੇਰੇ ਲਈ ਇਕ ਕੁਰਸੀ ਛੱਡ ਕੇ ਪੁੱਛਣ ਲੱਗੀਆਂ,

"ਸਰ, ਅੱਜ ਮੇਨ ਖ਼ਬਰ ਕਿਹੜੀ ਲਾਉਣੀ ਐ ?" ਮੈਂ ਉਨ੍ਹਾਂ ਦੀ ਪ੍ਰਤੀਬੱਧਤਾ ਅਤੇ ਭੋਲੇਪਣ ਤੋਂ ਬੜਾ ਪ੍ਰਭਾਵਿਤ ਹੋਇਆ। ਤੇ ਮੈਂ ਹੋਰ ਵੀ ਹਲੂਣਿਆ ਗਿਆ। ਮੈਂ ਕਿਹਾ,

"ਅੱਜ ਤੁਸੀਂ ਆਰਾਮ ਕਰੋਗੀਆਂ, ਮੈਂ ਇਕੱਲਾ ਹੀ ਅਖ਼ਬਾਰ ਕੱਢਾਂਗਾ।"

"ਅਸੀਂ ਤੁਹਾਡੇ ਕੋਲ ਬੈਠ ਕੇ ਕੁਝ ਹੋਰ ਸਿੱਖ ਲਵਾਂਗੀਆਂ।"

ਰੰਜੂ ਨੇ ਜੁਆਬ ਦਿੱਤਾ। ਮੈਂ ਕੁਝ ਸੋਚ ਕੇ ਕਿਹਾ, "ਅੱਜ ਅਖ਼ਬਾਰ ਨਹੀਂ ਨਿਕਲੇਗਾ ਕਿਉਂਕਿ ਟਰੈਕਿੰਗ ਤੋਂ ਬਿਨਾ ਕੋਈ ਖ਼ਾਸ ਖ਼ਬਰ ਨਹੀਂ, ਇਹ ਕੱਲ੍ਹ ਵਾਲੇ 'ਚ ਲਾ ਲਵਾਂਗੇ।" ਮੇਰੀ ਇਸ ਦਲੀਲ ਦਾ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਸੀ ਤੇ ਮੇਰੇ ਇਸ ਫ਼ੈਸਲੇ ਨਾਲ ਅੱਜ ਅਖ਼ਬਾਰ ਦਾ ਦਫ਼ਤਰ ਬੰਦ ਰਿਹਾ।

### ਪੂਛਲ ਟੋਟਾ

ਰਾਤੀਂ ਸੌਣ ਸਮੇਂ ਸਾਰੇ ਦਿਨ ਦੀ ਟਰੈਕਿੰਗ 'ਤੇ ਤਬਸਰਾ ਕਰਦਿਆਂ ਮਨਜੀਤ ਨੇ ਦੱਸਿਆ- ਮਨਾਲੀ ਦੇ ਨੇੜੇ ਆ ਕੇ ਜਿੱਥੇ ਤਿਬਤੀਆਂ ਦੀ ਰਿਹਾਇਸ਼ ਐ, ਉਥੇ ਇਕ ਵਿਆਹ ਹੋ ਰਿਹਾ ਸੀ। ਸਾਡੇ ਗਰੁੱਪ ਦੀਆਂ ਕੁੜੀਆਂ ਮਿਊਜ਼ਿਕ ਵਜਦਾ ਸੁਣ ਕੇ ਇਹ ਵੇਖਣ ਲੱਗ ਪਈਆਂ। ਤਿਬਤੀ ਕੁੜੀਆਂ ਨੇ ਉਨ੍ਹਾਂ ਨੂੰ ਅੰਦਰ ਬੁਲਾ ਲਿਆ ਤੇ ਮੈਂ ਜਾਣ ਦੀ ਇਜਾਜ਼ਤ ਦੇ ਦਿੱਤੀ। ਅੰਮ੍ਰਿਤਸਰ, ਸੰਗਰੂਰ ਵਾਲੀਆਂ ਕੁੜੀਆਂ ਨੇ ਵਿਆਹ ਵਾਲੀ ਕੁੜੀ ਨੂੰ ਨਾਲ ਲੈ ਕੇ ਗਿੱਧਾ ਪਾਉਣਾ ਸ਼ੁਰੂ ਕਰ ਦਿੱਤਾ ਬਸ ਫਿਰ ਕੀ ਸੀ। ਸਾਰਾ ਆਲਮ ਝੂਮ ਉਠਿਆ। ਵੀਨਾ ਰਾਣੀ ਨੇ ਬੋਲੀ ਪਾ ਦਿੱਤੀ :

ਮੈਨੂੰ ਵਿਆਹ ਦੇ ਅੰਮੀਏ ਨੀ ਮੈਂ ਕੋਠੇ ਜਿੱਡੀ ਹੋਈ ...

ਇਸ ਬੋਲੀ ਤੇ ਵਿਆਂਦੜ ਕੁੜੀ ਵੀ ਖ਼ੂਬ ਨੱਚੀ। ਫਿਰ ਉਨ੍ਹਾਂ ਨੇ ਸਾਰਿਆਂ ਨੂੰ ਫਲਾਂ ਦਾ ਰਸ ਭੇਟ ਕੀਤਾ।

"ਤਿਬਤੀਆਂ ਦੀ ਕੁੜੀ ਕਿਵੇਂ ਹੋਜੂ ਕੋਠੇ ਜਿੱਡੀ, ਦੋ ਦੋ ਫੁੱਟ ਦੇ ਕੱਦ ਨੇ ਉਨ੍ਹਾਂ ਦੇ", ਗੁਰਦਰਸ਼ਨ ਨੇ ਉਸ ਦੀ ਗੱਲ ਟੋਕੀ।

"ਜਿੱਡੇ ਜਿੱਡੇ ਇਨ੍ਹਾਂ ਦੇ ਕੋਠੇ ਨੇ ਉਸ ਮੁਤਾਬਿਕ ਤਾਂ ਠੀਕ ਐ", ਮੈਂ ਇਸ ਦਲੀਲ ਨਾਲ ਗੱਲ ਖ਼ਤਮ ਕਰਕੇ ਆਪਣੀ ਰਜ਼ਾਈ ਦੱਬ ਲਈ।

**ਪ੍ਰੀਤਮ ਰੁਪਾਲ**

## ਟਿੱਪਣੀ

ਲੇਖਕ ਨੇ ਇਸ ਵਾਰਤਕ ਵਿਚ ਟਰੈਕਿੰਗ ਬਾਰੇ ਆਪਣਾ ਅਨੁਭਵ ਸਾਂਝਾ ਕੀਤਾ ਹੈ। ਟਰੈਕਿੰਗ ਗਰੁਪ ਦੀਆਂ ਕੁੜੀਆਂ ਦੀ ਹਿੰਮਤ, ਵਿਹਾਰ ਅਤੇ ਮੌਸਮ ਬਾਰੇ ਬਹੁਤ ਹੀ ਨਵੇਕਲੇ ਢੰਗ ਨਾਲ ਲੇਖ ਤਿਆਰ ਕਰਕੇ, ਟਰੈਕਿੰਗ ਦੇ ਰੂਬਰੂ ਕਰਵਾਇਆ ਹੈ। ਟਰੈਕਿੰਗ ਦੇ ਇਲਾਕੇ ਵਿਚ ਆਉਣ ਵਾਲੀਆਂ ਇਮਾਰਤਾਂ, ਜੰਗਲ, ਕੁਦਰਤੀ ਨਜ਼ਾਰਿਆਂ ਅਤੇ ਲੋਕਾਂ ਬਾਰੇ ਵੀ ਚੰਗੀ ਜਾਣਕਾਰੀ ਦਿੱਤੀ ਗਈ ਹੈ। ਗਰੁਪ ਕਮਾਂਡਰ ਦੇ ਆਦੇਸ਼ ਨੂੰ ਮੰਨਣ ਬਾਰੇ ਦੱਸ ਕੇ ਲੇਖਕ ਨੇ ਇਕ ਸੁਨੇਹਾ ਵੀ ਦਿੱਤਾ ਹੈ। ਭਾਵੇਂ ਬਾਅਦ ਵਿਚ ਉਹ ਆਪਣੇ ਆਦੇਸ਼ ਦੀ ਸਖ਼ਤੀ ਨੂੰ ਮਹਿਸੂਸ ਕਰਕੇ ਅਖ਼ਬਾਰ ਕੱਢਣ ਵਾਲੇ ਗਰੁੱਪ ਨਾਲ ਨਿਰਮਤਾ ਵੀ ਦਿਖਾਉਂਦਾ ਹੈ। ਇਸ ਘਟਨਾ ਤੋਂ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਬਾਰੇ ਵੀ ਪਤਾ ਚਲਦਾ ਹੈ ਕਿ ਕਿਸੇ ਅਨੁਭਵੀ ਦੇ ਸਾਥ ਵਿਚ ਰਹਿ ਕੇ ਮਨੁੱਖ ਤਜ਼ਰਬੇਕਾਰ ਬਣਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਾਫ਼ਲਾ ਕਿਹੜੇ ਰੰਗ ਦੇ ਪੱਥਰਾਂ ਵਿਚਕਾਰੋਂ ਲੰਘਿਆ ?

(ii) ਟਰੈਕਿੰਗ ਵਿਚ ਕਿਹੜੇ-ਕਿਹੜੇ ਜ਼ਿਲ੍ਹੇ ਤੋਂ ਕੁੜੀਆਂ ਆਈਆਂ ਹੋਈਆਂ ਸਨ ?

(iii) ਲੇਖਕ ਨੂੰ ਆਪਣੀ ਕਿਹੜੀ ਟਰੈਕਿੰਗ ਚੇਤੇ ਆ ਗਈ ਸੀ ?

(iv) ਪਹਾੜੀ ਮੋੜ 'ਤੇ ਆ ਕੇ ਮੌਸਮ ਕਿਹੋ ਜਿਹਾ ਹੋ ਗਿਆ ਸੀ ?

(v) ਕੁੜੀਆਂ ਕਿਸ ਨੂੰ ਦੇਖ ਕੇ ਹੱਸੀਆਂ ? ਅੱਗੋਂ ਉਨ੍ਹਾਂ ਨੂੰ ਕੀ ਜੁਆਬ ਮਿਲਿਆ?

(vi) ਸੇਲਾਂਗ ਵਾਦੀ ਵਿਖੇ ਪੁਰਾਣੀ ਇਮਾਰਤ ਕਿਸ-ਕਿਸ ਮਹਿਕਮੇ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਚੁੱਕੀ ਹੈ ?

(vii) ਟਰੈਕਿੰਗ ਵਾਲੇ ਗਰੁਪ ਨੂੰ ਭੋਜਨ ਦੇਣ ਕੌਣ ਤੇ ਕਿਥੇ ਆਏ ?

(viii) ਸੇਲਾਂਗ ਵਿਚ ਦਸੰਬਰ ਮਹੀਨੇ ਕੌਣ ਤੇ ਕਿਹੜਾ ਕੋਰਸ ਕਰਵਾਉਂਦੇ ਹਨ ?

(x) ਲਾਹੌਰ ਸਪੀਤੀ ਵਾਦੀ ਤੋਂ ਲੇਹ ਵੱਲ ਜਾਣ ਲਈ ਲੇਖਕ ਕਿਹੜੀ ਮੁੱਖ ਸੜਕ ਰਾਹੀਂ ਗਿਆ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਇਸ ਪਾਠ ਦਾ ਸਾਰ ਲਿਖੋ।

(ii) ਕੀ ਤੁਸੀਂ ਕਿਸੇ ਪਹਾੜੀ ਸਥਾਨ ਦੀ ਯਾਤਰਾ ਕੀਤੀ ਹੈ ? ਆਪਣਾ ਅਨੁਭਵ ਲਿਖੋ।

(iii) ਸ਼ਿਮਲਾ ਜਾਂ ਮੰਸੂਰੀ ਦੇ ਇਲਾਕੇ ਵਿਚ ਮਸ਼ਹੂਰ ਇਮਾਰਤਾਂ ਅਤੇ ਸੜਕਾਂ ਬਾਰੇ ਪ੍ਰੋਜੈਕਟ ਪੂਰਵ ਗਿਆਨ ਜਾਂ ਇੰਟਰਨੈਟ ਦੀ ਮਦਦ ਨਾਲ ਤਿਆਰ ਕਰੋ।

**ਅ. ਇਸ ਪਾਠ ਵਿਚ ਆਏ ਪਹਾੜੀ ਇਲਾਕਿਆਂ ਦੇ ਨਾਂ ਲਿਖੋ ਤੇ ਇਨ੍ਹਾਂ ਦੀ ਸਮੁੰਦਰ ਤਟ ਤੋਂ ਉਚਾਈ ਇੰਟਰਨੈਟ ਦੀ ਸਹਾਇਤਾ ਨਾਲ ਲਿਖੋ। ਇਥੋਂ ਦੇ ਲੋਕਾਂ ਦੀ ਭਾਸ਼ਾ, ਖਾਣ-ਪੀਣ ਬਾਰੇ ਵੀ ਜਾਣਕਾਰੀ ਇਕੱਤਰ ਕਰੋ।**

**ੲ. ਕਿਸੇ ਦੀ ਗੱਲ ਨੂੰ ਇੰਨ-ਬਿੰਨ ਲਿਖਦੇ ਸਮੇਂ ਕਾਮਾ ਤੇ ਪੁੱਠ ਕਾਮੇ ਵਰਤੇ ਜਾਂਦੇ ਹਨ। ਪਾਠ ਦੇ ਆਧਾਰ ਤੇ ਘੱਟੋ-ਘੱਟ ਪੰਜ ਅਜਿਹੇ ਵਾਕ ਵਿਸਰਾਮ ਚਿੰਨ੍ਹਾਂ ਸਮੇਤ ਕਾਪੀ ਵਿਚ ਲਿਖੋ।**